# ਅਮਰੀਕਾ ਚ ਵੱਧ ਰਹੀ ਗਰੀਬੀ

ਖ਼ਬਰਾਂ ਅਤੇ ਰਿਪੋਰਟਾਂ ਮੁਤਾਬਿਕ ਅਮਰੀਕਾ ਵਿਚ ਅੱਧੇ ਲੋਕ ਗਰੀਬ ਜਾਂ ਗਰੀਬੀ ਦੇ ਕਰੀਬ ਹਨ। ਇਕ ਖੋਜ ਮੁਤਾਬਿਕ ਸਨ 2010 ਵਿਚ ਅਮਰੀਕਾ ਵਿਚ ਪੈਦਾ ਹੋਈ ਦੌਲਤ ਦਾ 93 ਫੀ ਸਦੀ ਹਿੱਸਾ ਇਕ ਫੀ ਸਦੀ ਲੋਕਾਂ ਦੇ ਹੱਥ ਵਿਚ ਗਿਆ। ਇਕ ਹੋਰ ਰਿਪੋਰਟ ਮੁਤਾਬਿਕ ਅਮਰੀਕਾ ਦੀ 42 ਫੀ ਸਦੀ ਦੌਲਤ ਸਿਰਫ਼ ਇਕ ਫੀ ਸਦੀ ਲੋਕਾਂ ਕੋਲ ਹੈ।

ਅਮਰੀਕਾ ਵਿਚ ਹਰ ਰੋਜ਼ ਵੱਧ ਰਹੀ ਗਰੀਬੀ ਦੀ ਚਰਚਾ ਆਮ ਲੋਕ ਬੜੇ ਫਿਕਰ ਨਾਲ ਕਰ ਰਹੇ ਹਨ। ਪਰ ਨਾ ਡੈਮੋਕਰੈਟਿਕ ਪਾਰਟੀ ਨੇ ਅਤੇ ਨਾ ਹੀ ਰਿਪਬਲੀਕਨ ਪਾਰਟੀ ਨੇ ਚੋਣਾਂ ਵਿਚ ਗਰੀਬੀ ਨੂੰ ਮੁੱਦਾ ਬਣਾਇਆ ਹੈ। ਦੋਵੇਂ ਪਾਰਟੀਆਂ ਇਸ ਅਹਿਮ ਮਸਲੇ ਬਾਰੇ ਬਿਲਕੁਲ ਚੁੱਪ ਹਨ। ਦੱਸਿਆ ਜਾਂਦਾ ਹੈ ਕਿ ਅਮਰੀਕਾ ਅੰਦਰ ਪੰਦਰਾਂ ਕਰੋੜ ਲੋਕ ਗਰੀਬੀ ਵਿਚ ਰਹਿੰਦੇ ਹਨ ਜਾਂ ਗਰੀਬੀ ਦੇ ਨੇੜੇ ਹਨ। ਪਰ ਹਾਕਮ ਟੋਲੇ ਨੂੰ ਇਸ ਬਾਰੇ ਕੋਈ ਫਿਕਰ ਨਹੀਂ। ਉਹ ਬੈਂਕਾਂ ਅਤੇ ਸੂਦਖੋਰਾਂ ਨੂੰ ਤਾਂ ਖਰਬਾਂ ਡਾਲਰ ਦੇ ਹਟੇ ਹਨ ਤੇ ਉਨ੍ਹਾਂ ਨੂੰ ਖ਼ਜ਼ਾਨੇ ਵਿਚੋਂ ਹੋਰ ਦੌਲਤ ਦੇਣ ਲਈ ਵੀ ਤਿਆਰ ਹਨ। ਆਪਣੇ ਮੁਨਾਫ਼ਿਆਂ ਲਈ ਉਹ ਹਥਿਆਰਾਂ ਅਤੇ ਮਾਰੂ ਅਸਤਰ ਸ਼ਸਤਰ ਦੇ ਵਿਉਪਾਰ ਉੱਤੇ ਵੀ ਖਰਬਾਂ ਡਾਲਰ ਖ਼ਰਚ ਕਰ ਰਹੇ ਹਨ। ਪਰ ਲੋਕਾਂ ਦੀਆਂ ਲੋੜਾਂ ਅਤੇ ਗੁਰਬਤ ਬਾਰੇ ਉਹ ਕੁਝ ਵੀ ਕਰਨ ਨੂੰ ਤਿਆਰ ਨਹੀਂ।

ਕਾਂਗਰਸ ਨੇ ਪਿਛਲੇ ਦਿਨਾਂ ਅਮੀਰਾਂ ਤੇ ਟੈਕਸ ਵਧਾਉਣ ਲਈ ਇਕ ਮਤੇ ਨੂੰ ਹਰਾ ਦਿਤਾ ਹੈ ਅਤੇ ਸਮਾਜੀ ਸੇਵਾਵਾਂ ਤੇ ਖਰਚ ਵਿਚ ਬਹੁਤ ਕਟੌਤੀਆਂ ਕਰ ਦਿੱਤੀਆਂ ਹਨ। ਇਨ੍ਹਾਂ ਗੱਲਾਂ ਨਾਲ ਲੋਕਾਂ ਵਿਚ ਬਹੁਤ ਰੋਸ ਹੈ ਅਤੇ ਥਾਂ ਥਾਂ ਤੇ ਲੋਕ ਰੋਸ ਮੁਜ਼ਾਹਰੇ ਕਰ ਰਹੇ ਹਨ। ਸਿਆਲ ਦੇ ਠੰਢੇ ਮੌਸਮ ਵਿਚ ਢਿੱਲੀ ਪਈ ਹੋਈ ਅਕੂਪਾਈ ਲਹਿਰ ਵੀ ਹੁਣ ਬਹਾਰ ਦੇ ਮੌਸਮ ਨਾਲ ਮੁੜ ਤਿੱਖੀ ਹੋ ਰਹੀ ਹੈ। ਅਪ੍ਰੈਲ 18 ਨੂੰ ਹਜ਼ਾਰਾਂ ਹੀ ਲੋਕਾਂ ਨੇ ਅਮਰੀਕਾ ਦੇ ਕਈ ਸ਼ਹਿਰਾਂ ਵਿਚ ਰੋਸ ਮੁਜ਼ਾਹਰਿਆਂ ਵਿਚ ਹਿੱਸਾ ਲਿਆ। 1 ਮਈ 2012 ਨੂੰ ਮਈ ਦਿਵਸ ਦੇ ਮੌਕੇ ਆਮ ਹੜਤਾਲ ਦਾ ਹੋਕਾ ਵੀ ਦਿਤਾ ਜਾ ਰਿਹਾ ਹੈ। ਕੁਝ ਲੋਕ ਕਹਿ ਰਹੇ ਹਨ ਕਿ ਇਸ ਸਾਲ ਬਹਾਰ ਦਾ ਮੌਸਮ ਬੜਾ ਹੀ ਕਾਰਗਰ ਹੋਵੇਗਾ ਅਤੇ ਲੋਕਾਂ ਦੀ ਜੱਦੋ-ਜਹਿਦ ਇਕ ਨਵੇਂ ਪੜਾਅ ਤੇ ਪਹੁੰਚੇਗੀ। ਹਾਕਮ ਟੋਲਾ ਵੀ ਇਸ ਲਈ ਤਿਆਰੀ ਕਰ ਰਿਹਾ ਹੈ ਅਤੇ ਨਵੇਂ ਫਾਸ਼ੀ ਕਾਨੂੰਨ ਈਜਾਦ ਕਰ ਰਿਹਾ ਹੈ। ਬਹੁਤ ਸ਼ਹਿਰਾਂ ਵਿਚ ਨੌਜਵਾਨਾਂ ਨੂੰ ਛੋਟੀ ਛੋਟੀ ਗੱਲ ਲਈ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ।

ਲੋਕਾਂ ਕੋਲ ਸੰਘਰਸ਼ ਬਗੈਰ ਹੋਰ ਕੋਈ ਚਾਰਾ ਨਹੀਂ। ਅਮਰੀਕਾ ਦੇ ਲੋਕ ਆਪਣੇ ਮਸਲਿਆਂ ਦੇ ਹੱਲ ਲਈ ਹੋਰਨਾਂ ਮੁਲਕਾਂ ਦੇ ਲੋਕਾਂ ਵਾਂਗ ਹੀ ਆਪਣੇ ਘੋਲ ਨੂੰ ਤੇਜ਼ ਕਰ ਰਹੇ ਹਨ। ਮੌਜੂਦਾ ਸਿਆਸੀ ਪ੍ਰਣਾਲੀ ਅਤੇ ਆਰਥਕ ਬੰਦੋਬਸਤ ਤੋਂ ਉਨ੍ਹਾਂ ਦਾ ਵਿਸ਼ਵਾਸ ਖ਼ਤਮ ਹੋ ਰਿਹਾ ਹੈ ਕਿਉਂਕਿ ਇਹ ਉਨ੍ਹਾਂ ਦੇ ਮਸਲੇ ਹਲ ਕਰਨ ਵਿਚ ਨਾਕਾਮ ਹੈ। ਇਸ ਲਈ ਉਹ ਆਪਣੇ ਮਸਲਿਆਂ ਦੇ ਹੱਲ ਲਈ ਨਵੇਂ ਰਾਹ ਲੱਭ ਰਹੇ ਹਨ।